# ਦਫਤਰ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਅੰਮ੍ਰਿਤਸਰ

*ਈ.ਮੇਲ:* deose.amritsar@punjabeducation.gov.in ***ਫੋਨ ਅਤੇ ਫੈਕਸ ਨੰਬਰ:*** 0183-225896

**ਮੇਲ ਰਾਹੀ**

ਸੇਵਾ ਵਿਖੇ

ਸਮੂਹ ਸਕੂਲ ਮੁਖੀ,
ਸੀਨੀਅਰ ਸੈਕੰਡਰੀ / ਹਾਈ ਸਕੂਲਜ਼
ਜ਼ਿਲਾ ਅੰਮ੍ਰਿਤਸਰ।

ਮੀਮੋ ਨੰ: ਅ-1/2019-2193
ਮਿਤੀ 26-04-2019

ਵਿਸ਼ਾ: **ਵੱਖ ਵੱਖ ਸਟਰੀਮਾਂ ਵਿਚ ਬੱਚਿਆ ਦਾਖਲਾ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਹ ਧਿਆਨ ਵਿਚ ਆਇਆ ਹੈ ਕਿ ਸਾਇੰਸ ਅਤੇ ਕਮਰਸ ਗਰੁੱਪਾ ਵਿੱਚ ਘੱਟ ਦਾਖਲਾ ਹੋ ਰਿਹਾ ਹੈ। ਇਸ ਸਬੰਧੀ ਸਬੰਧਤ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਸਾਇੰਸ ਅਤੇ ਕਮਰਸ ਦੇ ਗਰੁੱਪਾ ਵਿਚ ਦਾਖਲੇ ਨੂੰ ਉਤਸਾਹਤ ਕੀਤਾ ਜਾਵੇ। ਜਿਹੜੇ ਸਕੂਲ: ਵਿਚ ਸਾਇੰਸ ਅਤੇ ਕਮਰਸ ਦੇ ਲੈਕਚਜਰਾਰ ਇਲੈਕਸ਼ਨ ਡਿਊਟੀ ਤੇ ਹਨ,, ਉਨਾਂ ਨੂੰ ਪ੍ਰੇਰਤ ਕਰਦੇ ਹੋਏ ਵਿਦਿਆਰਥੀਆਂ ਦੇ ਹਿਤ ਨੂੰ ਮੁੱਖ ਰਖਦੇ ਹੋਏ, ਉਹ ਆਪਣੀ ਸੁਵਿਧਾ ਅਨੁਸਾਰ ਸਕੂਲਾਂ ਵਿੱਚ ਆ ਕੇ ਆਪਣੀ ਆਪਣੀ ਜਮਾਤ ਦੇ ਥਿਊਰੀ ਦੇ ਪੀਰੀਅਡ ਜ਼ਰੂਰ ਲੈਣ ਤਾਂ ਜੋ +1 ਅਤੇ +2 ਦੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਨਾਂ ਹੋਵੇ ਅਤੇ ਬੱਚਿਆ ਦੀ ਸਕੂਲ ਵਿੱਚ ਨਿਯਮਤਤਾ ਬਣੀ ਰਹੀ। ਜਿਹੜੇ ਸਕੂਲਾਂ ਵਿਚ ਸਾਇੰਸ ਅਤੇ ਕਮਰਸ ਗਰੁੱਪ ਦੇ ਲੈਕਚਰਾਰ ਨਹੀ ਹਨ, ਉਥੈ ਸਾਇੰਸ ਅਤੇ ਕਮਰਸ ਦੇ ਮਾਸਟਰ ਕਾਡਰ ਦੇ ਐਮ.ਐਸ.ਸੀ ਜਾਂ ਐਮ ਕਾਮ ਸਬੰਧਤ ਵਿਸ਼ੇ ਵਿੱਚ ਕੀਤੀ ਹੋਵੇ, ਨੂੰ ਹਾਲ ਦੀ ਘੜੀ ਬੱਚਿਆ ਦੀ ਪੜਾਈ ਦੇ ਮੱਦੇ ਨਜਰ ਸਬੰਧਤ ਵਿਸ਼ੇ ਦੇ ਪੀਰੀਅਡ ਦਿੱਤੇ ਜਾ ਸਕਦੇ ਹਨ ਤਾਂ ਜੋ ਬੱਚਿਆ ਦੀ ਪੜ੍ਹਾਈ ਦਾ ਹਰਜਾ ਨਾਂ ਹੋਵੇ ਅਤੇ ਦਾਖਲ ਵਿਦਿਆਰਥੀ ਇਸ ਦਾ ਫਾਇਦਾ ਲੈ ਸਕਣ। ਇਸ ਲਈ ਦੋਬਾਰਾ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਾਇੰਸ ਅਤੇ ਕਮਰਸ ਵਿਸ਼ੇ ਦੇ ਨਾਲ ਨਾਲ ਹੋਰ ਵਿਸ਼ਿਆ ਵਿੱਚ ਵੀ ਬੱਚਿਆ ਦਾ ਵੱਧ ਤੋ ਵੱਧ ਦਾਖਲਾ ਕੀਤਾ ਜਾਵੇ। ਸੀਨੀਅਰ ਸੈਕੰਡਰੀ ਸਕੂਲ ਮੁੱਖੀ ਆਪਣੇ ਅਧੀਨ ਆਉਦੇ ਹਾਈ ਅਤੇ ਮਿਡਲ ਸਕੂਲਾਂ ਨਾਲ ਤਾਲਮੇਲ ਕਾਇਮ ਕਰਕੇ ਇਹ ਯਕੀਨੀ ਬਣਾਉਣ ਕਿ ਜਿਹੜੇ ਵਿਦਿਆਰਥੀ ਉਨਾਂ ਪਾਸ ਦਾਖਲ ਨਹੀ ਹੋਏ, ਉਨਾਂ ਸਬੰਧਤ ਸਕੂਲਾਂ ਤੋ ਡਾਟਾ ਇਕੱਤਰ ਕਰਕੇ ਵਿਦਿਆਰਥੀਆਂ ਤੱਕ ਪਹੁੰਚ ਬਣਾਈ ਜਾਵੇ। ਇਹ ਸਾਰਾ ਕੰਮ ਇਸੇ ਹਫਤੇ ਵਿਚ ਉਨਾਂ ਬੱਚਿਆ ਨੂੰ ਐਨਰੋਲ ਕਰਕੇ ਪੋਰਟਲ ਤੇ ਚੜਾਉਣ ਉਪਰੰਤ ਇਸ ਦਫਤਰ ਨੂੰ ਰਿਪੋਰਟ ਕਰਨ।

ਜ਼ਿਲਾ ਸਿਖਿਆ ਅਫਸਰ (ਸੈ.ਸਿ),
ਅੰਮ੍ਰਿਤਸਰ।

26/4/19

Scanned by CamScanner